# ਦਿ ਡਰਾਈਵ




ਅਗਸਤ 2023 ਅੰਕ 22

## ਇਸ ਐਡੀਸ਼ਨ ਵਿੱਚ

ਓ ਬੀ ਸੀ ਸੀ ਟੀ ਸੀ ਨੇ ਸਾਰੇ ਡਰਾਈਵਰਾਂ ਲਈ ਵਧੇ ਰੇਟਾਂ ਦੇ ਨਾਲ ਇੱਕ ਰੇਟ ਆਰਡਰ ਜਾਰੀ ਕੀਤਾ, ਜੋ ਕਿ 1 ਜੁਲਾਈ, 2023 ਤੋਂ ਲਾਗੂ ਹੋਇਆ। ਪਹਿਲੀ ਵਾਰ ਕੰਪਨੀ ਡਰਾਈਵਰਾਂ ਅਤੇ ਆਈ ਈ ਓ ਲਈ ਓਵਰਟਾਈਮ ਰੇਟ ਸ਼ਾਮਿਲ ਕੀਤੇ ਗਏ। ਆਈ ਓ ਲਈ ਵੀ ਓਵਰਟਾਈਮ ਰੇਟਾਂ ਦੀ ਘੋਸ਼ਣਾ ਦੀ ਉਮੀਦ ਹੈ।

ਸਥਾਨਕ ਡਰੇਜ਼ ਉਦਯੋਗ ਦੀ ਨਿਗਰਾਨੀ ਪ੍ਰਦਾਨ ਕਰਨ ਦੇ ਆਪਣੇ ਯਤਨਾਂ ਵਿੱਚ, ਮੈਂ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਚਿੰਤਾਵਾਂ ਅਤੇ ਮੁੱਦਿਆਂ ਨੂੰ ਸਮਝਣ ਲਈ, ਡ੍ਰਾਈਵਰਾਂ, ਲਾਈਸੈਂਸੀ ਯੂਨੀਅਨਾਂ ਅਤੇ ਮਾਰਕਿਟ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੀਆਂ ਬਾਹਰੀ ਕੰਪਨੀਆਂ ਤੋਂ ਲੈ ਕੇ

ਵੱਖ-ਵੱਖ ਉਦਯੋਗਿਕ ਹਿੱਸੇਦਾਰਾਂ ਨਾਲ ਮੁਲਾਕਾਤ ਕੀਤੀ।

ਓ ਬੀ ਸੀ ਸੀ ਟੀ ਸੀ ਨੇ ਟਰੱਕ ਟੈਗ ਉਪਯੋਗਤਾਵਾਂ ਦਾ ਮੁਲਾਂਕਣ ਕੀਤਾ ਅਤੇ ਕੁਝ ਘੱਟ ਵਰਤੋਂ ਵਾਲੇ ਟੈਗਾਂ ਨੂੰ ਰੱਦ ਕਰ ਦਿੱਤਾ। ਬਾਅਦ ਵਿੱਚ, ਲਾਈਸੈਂਸੀਸ ਨੂੰ ਇਹਨਾਂ ਸੀਮਤ ਗਿਣਤੀ ਵਿੱਚ ਟਰੱਕ ਟੈਗਾਂ, ਜੋ ਮੁੜ ਵੰਡਣ ਲਈ ਉਪਲਬਧ ਸਨ, ਲਈ ਅਰਜ਼ੀਆਂ ਜਮ੍ਹਾ ਕਰਨ ਲਈ ਸੱਦਾ ਦਿੱਤਾ ਗਿਆ। ਓ ਬੀ ਸੀ ਸੀ ਟੀ ਸੀ ਨੇ ਚਾਰ ਆਈ ਓ ਟਰੱਕ ਟੈਗ ਅਤੇ ਤਿੰਨ ਕੰਪਨੀ ਟਰੱਕ ਟੈਗਾਂ ਦੀ ਮੁੜ ਵੰਡ ਕੀਤੀ।

ਅਸੀਂ ਨਿਯਮਿਤ ਤੌਰ 'ਤੇ ਦੂਜੀਆਂ ਏਜੰਸੀਆਂ ਜਿਵੇਂ ਕਿ ਸੀ ਵੀ ਐੱਸ ਈ ਦੇ ਨਾਲ ਬਿਨਾ ਟੈਗ ਦੇ ਆੱਫ਼-ਡੌਕ ਕੰਮ ਕਰਨ ਵਾਲੇ ਟਰੱਕਾਂ ਦੀ ਪਛਾਣ ਕਰ ਰਹੇ ਹਾਂ। ਇਹਨਾਂ ਸਾਂਝੇ ਯਤਨਾਂ ਨਾਲ ਅਸੀਂ ਆਪਣੀਆਂ ਲਾਗੂਕਰਨ ਦੀਆਂ ਗਤੀਵਿਧੀਆਂ ਵਿੱਚ ਸੁਧਾਰ ਕਰਨ ਲਈ ਕਦਮ ਚੁੱਕ ਰਹੇ ਹਾਂ। ਸਾਡੀਆਂ ਕੋਸ਼ਿਸ਼ਾਂ ਦੇ ਨਤੀਜੇ ਵਜੋਂ ਲਾਈਸੈਂਸੀਸ ਨੂੰ ਪ੍ਰਸ਼ਾਸਕੀ ਜੁਰਮਾਨੇ ਅਤੇ ਐਕਟ ਦੀ ਪਾਲਣਾ ਕਰਨ ਦੇ ਆਦੇਸ਼ ਦਿੱਤੇ ਗਏ।

27 ਜੁਲਾਈ, 2023 ਨੂੰ, ਇੱਕ ਲਾਈਸੈਂਸੀ ਬਿਨਾਂ ਟਰੱਕ ਟੈਗ ਆੱਫ਼-ਡੌਕ ਕੰਮ ਕਰਦਾ ਪਾਇਆ ਗਿਆ ਸੀ, ਜਿਸ ਨੇ ਬ੍ਰਿਟਿਸ਼ ਕੋਲੰਬੀਆ ਦੇ ਸੁਪਰੀਮ ਕੋਰਟ ਵਿੱਚ ਇੱਕ ਨਿਆਇਕ ਸਮੀਖਿਆ ਸੁਰੂ ਕੀਤੀ ਹੈ। ਮੈਂ ਤੁਹਾਨੂੰ ਇਸ ਦੇ ਨਿਆਇਕ ਨਤੀਜੇ ਬਾਰੇ ਸੂਚਿਤ ਰਖਾਂਗਾ।

ਇਸ ਦੌਰਾਨ, ਸਾਡੇ ਆੱਫ਼-ਡੌਕ ਲਾਗੂਕਰਨ ਉਪਾਅ ਜਾਰੀ ਰਹਿਣਗੇ। ਜਿਵੇਂ ਕਿ ਅਸੀਂ 2023 ਵਿੱਚ ਅੱਗੇ ਵਧਦੇ ਹਾਂ, ਓ ਬੀ ਸੀ ਸੀ ਟੀ ਸੀ 2024 ਵਿੱਚ ਨਵੀਆਂ ਲਾਇਸੈਂਸ ਅਰਜ਼ੀਆਂ ਦੀ ਤਿਆਰੀ ਵਿੱਚ ਆਪਣੀਆਂ ਪ੍ਰਕਿਰਿਆਵਾਂ ਅਤੇ ਦਸਤਾਵੇਜ਼ਾਂ ਦੀ ਸਮੀਖਿਆ ਕਰੇਗਾ।

ਸੱਚੇ ਦਿਲੋਂ,

ਗਲੈੱਨ ਮੈਕਇੰਨਸ
ਕੰਟੇਨਰ ਟਰੱਕਿੰਗ ਕਮਿਸ਼ਨਰ

## ਲਾਈਸੈਂਸੀਸ ਅਤੇ ਡਰਾਈਵਰਾਂ ਲਈ ਸ੍ਰੋਤ

**ਆਫ਼ਿਸ ਆਫ਼ ਦੀ ਬੀ ਸੀ ਕੰਟੇਨਰ ਟਰੱਕਿੰਗ ਕਮਿਸ਼ਨਰ**
604-660-6051
obcctc.ca

**ਕੌਨਫ਼ੀਡੈਂਸ਼ਲ ਡਰੇਜ਼ ਕੰਪਲੇਂਟ ਲਾਈਨ (ਕੌਨਫ਼ੀਡੈਂਸਲਾਈਨ)**
1-877-713-5109
www.drayage.confidenceline.net

**ਵੈਨਕੂਵਰ ਫਰੇਜ਼ਰ ਪੋਰਟ ਅਥਾਰਿਟੀ ਟੀ ਐੱਲ ਐੱਸ ਐਡਮਨਿਸਟਰੇਟਰ**
604-665-9333

**ਓ ਬੀ ਸੀ ਸੀ ਟੀ ਸੀ ਰੇਟ ਆਰਡਰ**
obcctc.ca/rate-order

**ਓ ਬੀ ਸੀ ਸੀ ਟੀ ਸੀ ਦੇ ਫ਼ੈਸਲੇ**
obcctc.ca/decisions

**ਓ ਬੀ ਸੀ ਸੀ ਟੀ ਸੀ ਦੀਆਂ ਪਾਲਸੀਆਂ**
obcctc.ca/policies

**ਓ ਬੀ ਸੀ ਸੀ ਟੀ ਸੀ ਇੰਡਸਟਰੀ ਮਿਮੋਜ਼**
obcctc.ca/industry-communications

**ਕੰਟੇਨਰ ਟਰੱਕਿੰਗ ਐਕਟ**
obcctc.ca/act

**ਕੰਟੇਨਰ ਟਰੱਕਿੰਗ ਰੈਗੂਲੇਸ਼ਨ**
obcctc.ca/regulation

# ਨਵਾਂ ਕੀ ਹੈ



## ਆਈ ਓ, ਆਈ ਈ ਓ ਅਤੇ ਕੰਪਨੀ ਡਰਾਈਵਰਾਂ ਲਈ ਨਵੇਂ ਰੇਟ

ਇੱਕ ਸੁਤੰਤਰ ਤੀਜੀ ਧਿਰ (ਕੈਸਕੇਡੀਆ ਪਾਰਟਨਰ) ਦੀ ਟਰੱਕਿੰਗ ਕੰਪਨਸੇਸ਼ਨ ਸਟੱਡੀ ਦੀਆਂ ਖੋਜਾਂ 'ਤੇ ਵਿਚਾਰ ਕਰਨ ਤੋਂ ਬਾਅਦ, ਅਤੇ ਸਟੇਕਹੋਲਡਰਾਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ; ਓ ਬੀ ਸੀ ਸੀ ਟੀ ਸੀ ਨੇ, ਸੁਝਾਅ ਦਿੰਦੇ ਹੋਏ ਅਤੇ ਫ਼ੀਡਬੈਂਕ ਮੰਗਦੇ ਹੋਏ, ਇਸ ਸਾਲ ਦੇ ਸ਼ੁਰੂ ਵਿੱਚ ਇੱਕ ਰੇਟ ਰਿਵਿਊ ਰੈੱਕਮੈਨਡੇਸ਼ਨ ਰਿਪੋਰਟ ਪ੍ਰਕਾਸ਼ਿਤ ਕੀਤੀ। ਇਸ ਤੋਂ ਬਾਅਦ ਇੱਕ ਕੌਂਸਲਟੇਸ਼ਨ ਰਿਪੋਰਟ ਜਾਰੀ ਕੀਤੀ ਗਈ, ਜਿਸ ਵਿੱਚ ਪਹਿਲੀ ਵਾਰ ਡਰਾਈਵਰਾਂ ਲਈ, ਦਿਨ ਵਿੱਚ 9 ਘੰਟੇ ਤੋਂ ਵੱਧ ਕੰਮ ਕਰਨ ਅਤੇ/ਜਾਂ ਇੱਕ ਹਫ਼ਤੇ ਵਿੱਚ 45 ਘੰਟੇ ਤੋਂ ਵੱਧ ਕੰਮ ਕਰਨ ਲਈ, ਓਵਰਟਾਈਮ ਰੇਟ ਪੇਸ਼ ਕੀਤਾ ਗਿਆ। 1 ਜੁਲਾਈ, 2023 ਤੋਂ ਵੱਧ ਰਹੇ ਰੇਟਾਂ ਦੇ ਨਾਲ ਇੱਕ ਰੇਟ ਆਰਡਰ ਜਾਰੀ ਕੀਤਾ ਗਿਆ। ਜਦਕਿ ਘੰਟਾਵਾਰ ਰੇਟਾਂ ਦੇ ਆਧਾਰ 'ਤੇ ਇੱਕ ਸਿੱਧੀ ਗਣਨਾ ਵਜੋਂ ਕੰਪਨੀ ਡਰਾਈਵਰਾਂ ਅਤੇ ਆਈ ਈ ਓ ਲਈ ਓਵਰਟਾਈਮ ਰੇਟ ਇਸ ਵੇਲੇ ਪ੍ਰਭਾਵੀ ਹਨ, ਆਈ ਓ ਲਈ ਓਵਰਟਾਈਮ ਰੇਟ ਦੀ ਗਣਨਾ ਅਜੇ ਵੀ ਨਿਰਧਾਰਤ ਕੀਤੀ ਜਾ ਰਹੀ ਹੈ। ਇਹ ਇਸ ਲਈ ਕਿਉਂਕਿ ਆਈ ਓ ਦੁਆਰਾ ਲਏ ਜਾਂਦੇ ਟ੍ਰਿਪ ਰੇਟਾਂ ਲਈ ਓਵਰਟਾਈਮ ਰੇਟ ਦੀ ਗਣਨਾ ਕਰਨਾ ਬਹੁਤ ਗੁੰਝਲਦਾਰ ਹੈ।

**ਇੱਥੇ ਕਮਿਸ਼ਨਰ ਦੇ ਰੇਟ ਰਿਵਿਊ ਸਲਾਹ-ਮਸ਼ਵਰੇ ਬਾਰੇ ਹੋਰ ਜਾਣੋ**

## ਲਾਗੂਕਰਨ

*ਕੰਟੇਨਰ ਟਰੱਕਿੰਗ ਐਕਟ* ਅਤੇ *ਕੰਟੇਨਰ ਟਰੱਕਿੰਗ ਰੈਗੂਲੇਸ਼ਨ* ਦੀ ਪਾਲਣਾ ਨੂੰ ਯਕੀਨੀ ਬਣਾਉਣ ਦੀ ਕੋਸ਼ਿਸ਼ ਵਿੱਚ, ਓ ਬੀ ਸੀ ਸੀ ਟੀ ਸੀ ਪਿਛਲੇ ਕੁਝ ਮਹੀਨਿਆਂ ਤੋਂ ਲਾਗੂਕਰਨ 'ਤੇ ਧਿਆਨ ਕੇਂਦਰਿਤ ਕਰ ਰਿਹਾ ਹੈ। ਅਸੀਂ ਕਮਰਸ਼ਿਯਲ ਵਹੀਕਲ ਸੇਫ਼ਟੀ ਇਨਫ਼ੋਰਸਮੈਂਟ (ਸੀ ਵੀ ਐੱਸ ਈ) ਦੇ ਨਾਲ ਸਮੇਂ-ਸਮੇਂ 'ਤੇ ਸੰਯੁਕਤ ਲਾਗੂਕਰਨ ਪਹਿਲਕਦਮੀਆਂ ਨੂੰ ਅੰਜਾਮ ਦਿੰਦੇ ਰਹੇ ਹਾਂ। ਇਸ ਤਰਹਾਂ ਅਸੀਂ ਬਿਨਾਂ ਟਰੱਕ ਟੈਗ ਦੇ ਸੀ ਟੀ ਐੱਸ ਕੰਮ ਕਰਨ ਵਾਲੇ ਟਰੱਕਾਂ ਦੀ ਪਛਾਣ ਕਰਨ ਵਿੱਚ ਸਫ਼ਲ ਹੋਏ ਹਾਂ। ਓ ਬੀ ਸੀ ਸੀ ਟੀ ਸੀ ਨੇ ਫ਼ੈਸਲਾ ਦੇਣ ਤੋਂ ਪਹਿਲਾਂ, ਲਾਈਸੈਂਸੀਸ ਨੂੰ ਇਹਨਾਂ ਡਰਾਈਵਰਾਂ ਨੂੰ ਅਦਾ ਕੀਤੇ ਗਏ ਰੇਟਾਂ ਦੀ ਪੁਸ਼ਟੀ ਕਰਨ ਲਈ ਸਬੂਤ ਪੇਸ਼ ਕਰਨ ਦਾ ਮੌਕਾ ਪ੍ਰਦਾਨ ਕੀਤਾ, ਜਿਸ ਤੋਂ ਬਾਅਦ ਕੁਝ ਲਾਈਸੈਂਸੀਸ ਨੂੰ ਜੁਰਮਾਨਾ ਵੀ ਲਗਾਇਆ ਗਿਆ।

**ਇੱਥੇ ਸਾਡੇ ਫ਼ੇਸਬੁੱਕ ਪੇਜ 'ਤੇ ਸਾਡੀ ਨਵੀਨਤਮ ਲਾਗੂਕਰਨ ਪਹਿਲਕਦਮੀ ਦੀਆਂ ਫ਼ੋਟੋਆਂ ਵੇਖੋ**

## ਟਰੱਕ ਟੈਗ ਉਪਯੋਗਤਾ ਅਤੇ ਟਰੱਕ ਟੈਗ ਮੁੜ ਵੰਡ

ਓ ਬੀ ਸੀ ਸੀ ਟੀ ਸੀ ਨੇ ਲਾਇਸੈਂਸੀ ਟਰੱਕ ਟੈਗ ਵਰਤੋਂ ਦੀ ਸਮੀਖਿਆ ਕੀਤੀ। ਇਸ ਸਾਲ ਦੇ ਸ਼ੁਰੂ ਵਿੱਚ, ਲਗਭਗ ਅਠਾਰਾਂ (18) ਲਾਈਸੈਂਸੀਸ ਨੂੰ ਦੱਸਿਆ ਗਿਆ ਕਿ ਉਹ ਆਪਣੇ ਕੁਝ ਟੈਗਾਂ ਦੀ ਘੱਟ ਵਰਤੋਂ ਕਰ ਰਹੇ ਹਨ। ਇਹਨਾਂ ਲੈਸੈਂਸੀਸ ਨੂੰ ਓ ਬੀ ਸੀ ਸੀ ਟੀ ਸੀ ਟਰੱਕ ਟੈਗ ਪ੍ਰਬੰਧਨ ਨੀਤੀ ਦੇ ਤਹਿਤ ਉਹਨਾਂ ਦੀ ਕਾਰਗੁਜ਼ਾਰੀ ਵਿੱਚ ਸੁਧਾਰ ਕਰਨ ਲਈ 90 ਦਿਨਾਂ ਦਾ ਨੋਟਿਸ ਦਿੱਤਾ ਗਿਆ। 90 ਦਿਨਾਂ ਦੀ ਮਿਆਦ ਖਤਮ ਹੋਣ 'ਤੇ, ਓ ਬੀ ਸੀ ਸੀ ਟੀ ਸੀ ਨੇ ਉਹਨਾਂ ਲਾਈਸੈਂਸੀਸ ਨੂੰ ਨੋਟਿਸ ਭੇਜੇ ਜਿਹਨਾਂ ਨੇ ਆਪਣੀ ਟੈਗ ਵਰਤੋਂ ਵਿੱਚ ਸੁਧਾਰ ਨਹੀਂ ਕੀਤਾ ਸੀ ਅਤੇ ਉਹ ਟੈਗ ਰੱਦ ਕਰ ਦਿੱਤੇ ਗਏ। ਇਸ ਤੋਂ ਬਾਅਦ, ਇੱਕ ਬੁਲੇਟਿਨ ਜਾਰੀ ਕੀਤਾ ਗਿਆ ਜਿਸ ਵਿੱਚ ਲਾਈਸੈਂਸੀਸ ਨੂੰ ਮੁੜ ਵੰਡਣ ਲਈ ਉਪਲਬਧ ਸੀਮਤ ਗਿਣਤੀ ਵਿੱਚ ਟਰੱਕ ਟੈਗਾਂ ਲਈ ਅਰਜ਼ੀ ਦੇਣ ਲਈ ਸੱਦਾ ਦਿੱਤਾ ਗਿਆ। ਓ ਬੀ ਸੀ ਸੀ ਟੀ ਸੀ ਨੇ ਵਾਧੂ ਟਰੱਕ ਟੈਗਾਂ ਦੀ ਲੋੜ ਨੂੰ ਦਰਸਾਉਂਦੇ ਹੋਏ ਲੈਸੈਂਸੀਸ ਨੂੰ ਚਾਰ ਆਈ ਓ ਟਰੱਕ ਟੈਗ ਅਤੇ ਤਿੰਨ ਕੰਪਨੀ ਟਰੱਕ ਟੈਗ ਮੁੜ ਵੰਡੇ।

**ਇੱਥੇ ਬੁਲੇਟਿਨ ਪੜ੍ਹੋ**

## ਵੇਟ ਟਾਈਮ ਪੇਮੈਂਟਸ

ਵੈਨਕੂਵਰ ਫਰੇਜ਼ਰ ਪੋਰਟ ਅਥਾਰਟੀ ਮੁਤਾਬਕ, 2023 ਦੀ ਪਹਿਲੀ ਤਿਮਾਹੀ ਦੀਆਂ ਸਾਰੀਆਂ ਵੇਟ ਟਾਈਮ ਪੇਮੈਂਟਸ ਕੰਪਨੀਆਂ ਨੂੰ ਵੰਡ ਦਿੱਤੀਆਂ ਗਈਆਂ ਹਨ। ਤਿਮਾਹੀ ਲਈ ਰਕਮ ਕੁੱਲ 405,000 ਡਾਲਰ ਸੀ। ਭੁਗਤਾਨ 1 ਜਨਵਰੀ, 2023 ਤੋਂ ਮਾਰਚ 31, 2023 ਦੇ ਵਿਚਕਾਰ ਡੈਲਟਾਪੋਰਟ, ਵੈਨਟਰਮ, ਸੈਂਟਰਮ ਅਤੇ ਫ਼ਰੇਜ਼ਰ ਸਰੀ ਡੌਕਸ ਵਿਖੇ ਡਰਾਈਵਰਾਂ ਦੁਆਰਾ ਕੀਤੀ ਗਈ ਉਡੀਕ ਲਈ ਸਨ।

**ਬੁਲੇਟਿਨਾਂ ਲਈ ਇੱਥੇ ਕਲਿੱਕ ਕਰੋ**



# ਤਾਜ਼ਾ ਫ਼ੈਸਲੇ

### ਅੰਬੈਸੀ ਟਰਾਂਸਪੋਰਟੇਸ਼ਨ ਇੰਕ. (ਸੀ ਟੀ ਸੀ ਫ਼ੈਸਲਾ ਨੰ. 04/2023) - 6,000 ਡਾਲਰ ਜੁਰਮਾਨਾ

ਲਾਈਸੈਂਸੀ ਨੂੰ ਡਰਾਈਵਰਾਂ ਨੂੰ ਗੈਰ-ਅਨੁਕੂਲ ਰੇਟਾਂ ਦਾ ਭੁਗਤਾਨ ਕਰਨ ਅਤੇ *ਰੈਗੂਲੇਸ਼ਨ* ਦੇ ਅਧੀਨ ਲੋੜੀਂਦੀ ਮਿਆਦ ਦੇ ਅੰਦਰ ਆਪਣੇ ਡਰਾਈਵਰਾਂ ਨੂੰ ਭੁਗਤਾਨ ਕਰਨ ਵਿੱਚ ਅਸਫ਼ਲ ਰਹਿਣ ਲਈ *ਕੰਟੇਨਰ ਟਰੱਕਗਿ ਐਕਟ*, *ਕੰਟੇਨਰ ਟਰੱਕਗਿ ਰੈਗੂਲੇਸ਼ਨ* ਅਤੇ ਆਪਣੇ ਲਾਇਸੈਂਸ ਦੀ ਉਲੰਘਣਾ ਕਰਦੇ ਪਾਇਆ ਗਿਆ। ਇਸ ਤੋਂ ਇਲਾਵਾ, ਅੰਬੈਸੀ ਸਹੀ ਰਿਕਾਰਡ ਕਾਇਮ ਰੱਖਣ ਵਿੱਚ ਅਸਫ਼ਲ ਰਿਹਾ ਅਤੇ ਉਹਨਾਂ ਨੇ ਨਿਯੰਤ੍ਰਿਤ ਫ਼ਿਯੂਲ ਸਰਚਾਰਜ ਦਾ ਘੱਟ ਭੁਗਤਾਨ ਕਰਨਾ ਜਾਰੀ ਰੱਖਿਆ। ਅੰਬੈਸੀ ਨੂੰ ਹੁਕਮ ਦਿੱਤਾ ਗਿਆ ਸੀ ਕਿ ਉਹ ਡਰਾਈਵਰਾਂ ਨੂੰ 7 ਦਿਨਾਂ ਦੇ ਅੰਦਰ ਇਸ ਫ਼ੈਸਲੇ ਵਿੱਚ ਪਛਾਣ ਕੀਤੀ ਗਈ ਰਕਮ ਦਾ ਭੁਗਤਾਨ ਕਰਨ।

### ਗੁਡਰਿਚ ਟਰਾਂਸਪੋਰਟ ਲਿਮਿਟਿਡ (ਸੀ ਟੀ ਸੀ ਫ਼ੈਸਲਾ ਨੰ. 06/2023) - 1,000 ਡਾਲਰ ਜੁਰਮਾਨਾ

ਓ ਬੀ ਸੀ ਸੀ ਟੀ ਸੀ ਅਤੇ ਕਮਰਸ਼ਿਯਲ ਵਹੀਕਲ ਸੇਫ਼ਟੀ ਇਨਫ਼ੋਰਸਮੈਂਟ (ਸੀ ਵੀ ਐੱਸ ਈ) ਦੁਆਰਾ ਸੰਯੁਕਤ ਲਾਗੂਕਰਨ ਪਹਿਲਕਦਮੀ ਵਿੱਚ, ਗੁਡਰਿਚ ਟਰਾਂਸਪੋਰਟ ਲਿਮਿਟਡਿ ਨੇ ਲੋਅਰ ਮੇਨਲੈਂਡ ਵਿੱਚ ਇੱਕ ਬਨਿਾਂ ਟੈਗ ਦੇ ਟਰੱਕ ਦੇ ਨਾਲ ਕੰਟੇਨਰ ਟਰੱਕਗਿ ਸੇਵਾਵਾਂ ਪ੍ਰਦਾਨ ਕਰਕੇ ਆਪਣੇ ਸੀ ਟੀ ਐੱਸ ਲਾਇਸੈਂਸ ਦੀ ਉਲੰਘਣਾ ਕੀਤੀ।

### ਫ਼ਰਨਡੇਲ ਟਰਾਂਸਪੋਰਟ ਲਿਮਿਟਿਡ (ਸੀ ਟੀ ਸੀ ਫ਼ੈਸਲਾ ਨੰ. 07/2023) - 1,500 ਡਾਲਰ ਜੁਰਮਾਨਾ

ਫ਼ਰਨਡੇਲ ਟਰਾਂਸਪੋਰਟ ਲਿਮਿਟਿਡ ਨੇ 15 ਮਾਰਚ, 2023 ਨੂੰ ਲੋਅਰ ਮੇਨਲੈਂਡ ਵਿੱਚ ਕੰਟੇਨਰ ਟਰੱਕਿੰਗ ਸੇਵਾਵਾਂ ਦਾ ਉਪ-ਕੰਟਰੈਕਟ ਕਰਕੇ ਆਪਣੇ ਸੀ ਟੀ ਐੱਸ ਲਾਇਸੈਂਸ ਦੀ ਉਲੰਘਣਾ ਕੀਤੀ। ਫ਼ਰਨਡੇਲ ਦੇ ਟਰੱਕ ਨੂੰ ਓ ਬੀ ਸੀ ਸੀ ਟੀ ਸੀ ਦੁਆਰਾ ਕੀਤੀ ਗਈ ਇੱਕ ਲਾਗੂਕਰਨ ਪਹਿਲਕਦਮੀ ਵਿੱਚ ਇੱਕ ਬਿਨਾਂ ਟੈਗ ਦੇ ਟਰੱਕ ਦੇ ਨਾਲ ਕੰਟੇਨਰ ਟਰੱਕਿੰਗ ਸੇਵਾਵਾਂ ਪ੍ਦਾਨ ਕਰਦੇ ਹੋਏ ਦੇਖਿਆ ਗਿਆ।

### ਸਿਮਾਰਡ ਵੈਸਟਲਿੰਕ ਇੰਕ. - ਪਾਲਣਾ ਕਰਨ ਦਾ ਆਰਡਰ

ਸਿਮਾਰਡ ਨੂੰ 15 ਮਾਰਚ, 2023 ਨੂੰ ਬਿਨਾਂ ਟਰੱਕ ਟੈਗ ਦੇ ਆੱਫ਼-ਡੌਕ ਕੰਮ ਕਰਕੇ ਆਪਣੇ ਸੀ ਟੀ ਐੱਸ ਲਾਇਸੈਂਸ ਅਤੇ *ਕੰਟੇਨਰ ਟਰੱਕਿੰਗ ਐਕਟ* ਦੀ ਉਲੰਘਣਾ ਕਰਦੇ ਪਾਇਆ ਗਿਆ। ਲਾਇਸੈਂਸੀ ਸਮੁੰਦਰੀ ਕੈਰੀਅਰ ਦੁਆਰਾ ਮਨਜ਼ੂਰੀ ਦਿੱਤੇ ਗਏ ਕੰਟੇਨਰਾਂ ਨੂੰ, ਲੋਅਰ ਮੇਨਲੈਂਡ ਦੇ ਵਿੱਚ, ਇੱਕ ਥਾਂ ਤੋਂ ਦੂਜੀ ਥਾਂ ਲੈ ਕੇ ਗਿਆ।

ਓ ਬੀ ਸੀ ਸੀ ਟੀ ਸੀ ਦੇ ਸਾਰੇ ਫ਼ੈਸਲੇ ਇੱਥੇ ਵੇਖੋ

## ਨਿਯਮਾਂ ਦੀ ਪਾਲਣਾ ਬਾਰੇ ਓ ਬੀ ਸੀ ਸੀ ਟੀ ਸੀ ਵੱਲੋਂ ਤਾਜ਼ਾ ਜਾਣਕਾਰੀ



# ਕੀ ਤੁਸੀਂ ਜਾਣਦੇ ਹੋ?

## ਓ ਬੀ ਸੀ ਸੀ ਟੀ ਸੀ ਦੀ ਕੌਨਫ਼ੀਡੈਂਸਲਾਈਨ

ਜੇਕਰ ਤੁਹਾਨੂੰ ਕੋਈ ਚਿੰਤਾਵਾਂ ਹਨ ਅਤੇ ਤੁਸੀਂ ਕੰਮ 'ਤੇ ਦੁਰਵਿਹਾਰ ਦੀ ਰਿਪੋਰਟ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸ਼ਿਕਾਇਤ ਦਰਜ ਕਰਨ ਲਈ ਓ ਬੀ ਸੀ ਸੀ ਟੀ ਸੀ ਦੀ ਕੌਨਫ਼ੀਡੈਂਸਲਾਈਨ ਦੀ ਵਰਤੋਂ ਕਰੋ। ਕੌਨਫ਼ੀਡੈਂਸਲਾਈਨ ਅਨੈਤਿਕ ਆਚਰਣ, ਜਿਸ ਵਿੱਚ ਧੋਖਾਧੜੀ, ਧੱਕੇਸ਼ਾਹੀ, ਅੰਡਰਕਟਿੰਗ ਅਤੇ ਪਰੇਸ਼ਾਨੀ ਸ਼ਾਮਲ ਹਨ, ਦੀ ਰਿਪੋਰਟ ਕਰਨ ਦੀ ਇੱਕ ਸੁਰੱਖਿਤ ਵਿਧੀ ਪ੍ਰਦਾਨ ਕਰਦੀ ਹੈ। ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਕੌਨਫ਼ੀਡੈਂਸਲਾਈਨ ਦੀ ਵਰਤੋਂ ਕਰਨ ਵਾਲੇ ਕਿਸੇ ਵੀ ਵਿਅਕਤੀ ਦੀ ਪਛਾਣ ਹਮੇਸ਼ਾ ਸੁਰੱਖਿਤ ਅਤੇ ਗੁਪਤ ਰੱਖੀ ਜਾਂਦੀ ਹੈ। ਇਸ ਸੇਵਾ ਦਾ ਲਾਭ 1-877-713-5109 'ਤੇ ਕਾਲ ਕਰਕੇ ਲਿਆ ਜਾ ਸਕਦਾ ਹੈ। ਇਹ ਸੇਵਾ ਅੰਗਰੇਜ਼ੀ ਅਤੇ ਪੰਜਾਬੀ ਵਿੱਚ 24 ਘੰਟੇ, ਹਫ਼ਤੇ ਦੇ 7 ਦਿਨ ਉਪਲਬਧ ਹੈ। **ਵਧੇਰੀ ਜਾਣਕਾਰੀ ਲਈ ਇੱਥੇ ਕਲਿੱਕ ਕਰੋ**

## ਰੇਟ ਜ਼ੋਨ ਨਕਸ਼ੇ

ਘੱਟੋ-ਘੱਟ ਆੱਨ-ਡੌਕ ਅਤੇ ਆੱਫ਼-ਡੌਕ ਟ੍ਰਿਪ ਰੇਟਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਿਰਧਾਰਤ ਕਰਨ ਵਿੱਚ ਮਦਦ ਕਰਨ ਲਈ, ਆਈ ਓ ਅਤੇ ਲਾਈਸੈਂਸੀਸ ਲਈ, ਰੇਟ ਜ਼ੋਨ ਦੇ ਨਕਸ਼ੇ ਓ ਬੀ ਸੀ ਸੀ ਟੀ ਸੀ ਵੈੱਬਸਾਈਟ 'ਤੇ ਉਪਲਬਧ ਹਨ। ਰੇਟ ਜ਼ੋਨ ਮੈਪ ਵਰਤਣ ਲਈ ਆਸਾਨ ਇੰਟਰਐਕਟਿਵ ਸੰਸਕਰਣ ਦੇ ਨਾਲ ਇੱਕ ਪੀ ਡੀ ਐੱਫ਼ ਸੰਸਕਰਣ ਵਿੱਚ ਉਪਲਬਧ ਹੈ। **ਇੱਥੇ ਸਾਡੇ ਰੇਟ ਜ਼ੋਨ ਨਕਸ਼ੇ ਵੇਖੋ**

## ਟਰੱਕ ਟੈਗ ਕੰਪਨੀਆਂ ਜਾਂ ਆਈ ਓ ਦੇ ਨਹੀਂ

ਕੰਪਨੀਆਂ ਦੇ ਲਾਇਸੈਂਸ ਦੀ ਮਿਆਦ ਲਈ ਓ ਬੀ ਸੀ ਸੀ ਟੀ ਸੀ ਦੇ ਵਿਵੇਕ 'ਤੇ ਕੰਪਨੀਆਂ ਨੂੰ ਟਰੱਕ ਟੈਗ ਦਿੱਤੇ ਜਾਂਦੇ ਹਨ। ਇਹਨਾਂ ਨੂੰ ਖਰੀਦਿਆ, ਵੇਚਿਆ ਜਾਂ ਟਰਾਂਸਫ਼ਰ ਨਹੀਂ ਕੀਤਾ ਜਾ ਸਕਦਾ। ਟਰੱਕ ਟੈਗ ਲਾਈਸੈਂਸੀਸ ਅਤੇ ਡਰਾਈਵਰਾਂ ਦੇ ਨਹੀਂ ਹੁੰਦੇ ਅਤੇ ਇਸ ਲਈ ਉਹਨਾਂ ਨੂੰ ਇੱਕ ਕੰਪਨੀ ਤੋਂ ਦੂਜੀ ਕੰਪਨੀ ਵਿੱਚ ਨਹੀਂ ਲਿਜਾਇਆ ਜਾ ਸਕਦਾ। ਜੇਕਰ ਆਈ ਓ ਕਿਸੇ ਹੋਰ ਕੰਪਨੀ ਲਈ ਕੰਮ ਕਰਨਾ ਚਾਹੁੰਦੇ ਹਨ, ਤਾਂ ਉਹਨਾਂ ਨੂੰ ਅਜਿਹੀ ਕੰਪਨੀ ਲੱਭਣੀ ਪਵੇਗੀ ਜਿਸ ਕੋਲ ਖਾਲੀ ਟਰੱਕ ਟੈਗ ਉਪਲਬਧ ਹੋਣ। ਜੇਕਰ ਕੋਈ ਲਾਇਸੈਂਸੀ ਟਰੱਕ ਟੈਗ ਦੀ ਵਰਤੋਂ ਕਰਨ ਵਿੱਚ ਅਸਫ਼ਲ ਰਹਿੰਦਾ ਹੈ, ਤਾਂ ਓ ਬੀ ਸੀ ਸੀ ਟੀ ਸੀ ਟੈਗ ਨੂੰ ਵਾਪਸ ਲੈ ਲਵੇਗਾ। ਸਾਡਾ ਉੱਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਟਰੱਕ ਟੈਗ ਲਾਈਸੈਂਸੀਸ ਦੁਆਰਾ ਪੂਰੀ ਤਰਹਾਂ ਵਰਤੇ ਜਾਣ। ਆਈ ਓ ਖਾਲੀ ਟੈਗਾਂ ਦੀ ਉਪਲਬਧਤਾ ਲਈ ਓ ਬੀ ਸੀ ਸੀ ਟੀ ਸੀ ਦੇ ਦਫ਼ਤਰ ਵਿਖੇ ਰਜਿਸਟਰਾਰ ਨਾਲ ਸੰਪਰਕ ਕਰ ਸਕਦੇ ਹਨ।

# ਸਾਨੂੰ ਫੇਸਬੁੱਕ 'ਤੇ ਫ਼ਾਲੋ ਕਰਨਾ ਨਾ ਭੁੱਲੋ

ਕੰਟੇਨਰ ਟਰੱਕਿੰਗ ਉਦਯੋਗ ਬਾਰੇ ਜਾਣਨ ਲਈ ਸਾਡੀ ਫੇਸਬੁੱਕ ਕਮਿਊਨਟੀ ਨਾਲ ਜੁੜੋ| ਅਸੀਂ ਓ ਬੀ ਸੀ ਸੀ ਟੀ ਸੀ ਗਤੀਵਿਧੀਆਂ ਅਤੇ ਇੰਡਸਟਰੀ ਸਟੇਕਹੋਲਡਰਾਂ ਲਈ ਮਹੱਤਵਪੂਰਨ ਜਾਣਕਾਰੀ ਦੇ ਸਬੰਧ ਵਿੱਚ ਲਗਾਤਾਰ ਅੱਪਡੇਟ ਪੋਸਟ ਕਰਦੇ ਰਹਿੰਦੇ ਹਾਂ।

obcctc.ca/facebook 'ਤੇ ਸਾਨੂੰ ਫ਼ਾਲੋ ਕਰੋ|




OFFICE OF THE
BRITISH COLUMBIA CONTAINER
TRUCKING COMMISSIONER

1085 ਕੈਂਮਬੀ ਸਟ੍ਰੀਟ, ਵੈਨਕੂਵਰ ਬੀ ਸੀ V6B 5L7
ਫ਼ੋਨ: 604-660-6051 | ਫ਼ੈਕਸ: 604-660-6045 | info@obcctc.ca | www.obcctc.ca